# ਬੀ ਸੀ ਫਾਰਮਾਕੇਅਰ

## ਸਪੈਸ਼ਲ ਅਥਾਰਟੀ

ਫਾਰਮਾਕੇਅਰ ਕੁੱਝ ਦਵਾਈਆਂ ਅਤੇ ਮੈਡੀਕਲ ਯੰਤਰਾਂ ਨੂੰ ਸਿਰਫ ਕੁੱਝ ਖਾਸ ਹਾਲਤਾਂ ਵਿੱਚ ਕਵਰ ਕਰਦਾ ਹੈ। ਤੁਹਾਨੂੰ ਦਵਾਈ ਲਿਖ ਕੇ  ਦੇਣ ਵਾਲਾ ਤੁਹਾਡੇ ਲਈ ਸਪੈਸ਼ਲ ਅਥਾਰਟੀ ਕਵਰੇਜ ਲਈ ਬੇਨਤੀ ਕਰ ਸਕਦਾ ਹੈ। ਉਹ ਤੁਹਾਡੀ ਲੋੜ ਬਾਰੇ ਦੱਸਦਿਆਂ ਫਾਰਮਾਕੇਅਰ ਕੋਲ ਬੇਨਤੀ ਦਾਖਲ ਕਰਦਾ ਹੈ।

ਸਪੈਸ਼ਲ ਅਥਾਰਟੀ ਕਵਰੇਜ ਲੈਣ ਲਈ ਤੁਹਾਡੇ ਵਲੋਂ ਦਵਾਈ ਜਾਂ ਯੰਤਰ ਖ੍ਰੀਦਣ ਤੋਂ ਪਹਿਲਾਂ ਫਾਰਮਾਕੇਅਰ ਵਲੋਂ ਉਸ ਦੀ ਪ੍ਰਵਾਨਗੀ ਦਿੱਤੀ ਜਾਣੀ ਜ਼ਰੂਰੀ ਹੈ। ਫਾਰਮਾਕੇਅਰ ਪ੍ਰਵਾਨਗੀ ਤੋਂ ਪਹਿਲਾਂ ਖ੍ਰੀਦੀ ਚੀਜ਼ ਨੂੰ ਕਵਰ ਨਹੀਂ ਕਰ ਸਕਦਾ।

ਸਪੈਸ਼ਲ ਅਥਾਰਟੀ ਅਧੀਨ ਆਉਣ ਵਾਲੀਆਂ ਦਵਾਈਆਂ ਅਤੇ ਯੰਤਰਾਂ ਦੀ ਲਿਸਟ ਇਸ ਵੈੱਬਸਾਈਟ ’ਤੇ ਦੇਖੋ www.gov.bc.ca/pharmacarespecialauthority

---

### ਸਪੈਸ਼ਲ ਅਥਾਰਟੀ ਕਵਰੇਜ

ਜੇ ਬੇਨਤੀ ਪ੍ਰਵਾਨ ਹੋ ਜਾਂਦੀ ਹੈ, ਤਾਂ ਤੁਸੀਂ ਕੋਈ ਪੈਸਾ ਨਹੀਂ ਦੇਵੋਗੇ ਜੇ ਤੁਸੀਂ 100% ਕਵਰੇਜ ਪਲੈਨ (ਜਿਵੇਂ ਪਲੈਨ ਸੀ, ਪਲੈਨ ਡਬਲਿਊ, ਪਲੈਨ ਜੀ) ’ਤੇ ਹੋਵੋ। ਜੇ ਤੁਹਾਡੀ ਕਵਰੇਜ ਪਲੈਨ ਸਿਰਫ ਫੇਅਰ ਫਾਰਮਾਕੇਅਰ ਪਲੈਨ ਹੀ ਹੈ, ਅਤੇ ਤੁਸੀਂ ਅਜੇ ਸਲਾਨਾ ਡਿਡਕਟੀਬਲ ਅਤੇ ਫੈਮਿਲੀ ਲਈ ਵੱਧ ਤੋਂ ਵੱਧ ਹੱਦ ਤੱਕ ਨਹੀਂ ਪਹੁੰਚੇ, ਤਾਂ ਤੁਹਾਨੂੰ ਦਵਾਈ ਦੇਣ ਦੀ ਫੀਸ ਅਤੇ ਦਵਾਈ ਦੇ ਖਰਚੇ ਦਾ ਕੁੱਝ ਹਿੱਸਾ ਜਾਂ ਪੂਰਾ ਖਰਚਾ ਦੇਣਾ ਪੈ ਸਕਦਾ ਹੈ।

ਕਈ ਵਾਰ ਪ੍ਰਾਈਵੇਟ ਇਨਸ਼ੋਰੈਂਸ ਕਰਨ ਵਾਲੇ ਤੁਹਾਡੇ ਖਰਚੇ ਨੂੰ ਵਾਪਸ ਕਰਨ ਲਈ ਸਪੈਸ਼ਲ ਅਥਾਰਟੀ ਦੇ ਸਬੂਤ ਦੀ ਮੰਗ ਕਰ ਸਕਦੇ ਹਨ। ਸਬੂਤ ਲੈਣ ਲਈ ਬੇਨਤੀ ਕਰਨ ਲਈ ਸਾਨੂੰ ਹੇਠਾਂ ਦਿੱਤੇ ਨੰਬਰ ’ਤੇ ਫੋਨ ਕਰੋ।

ਕਵਰੇਜ ਸੀਮਤ ਸਮੇਂ (ਜਿਵੇਂ 6 ਮਹੀਨਿਆਂ ਲਈ) ਜਾਂ ਅਣਮਿੱਥੇ ਸਮੇਂ ਲਈ ਹੋ ਸਕਦੀ ਹੈ। ਜੇ ਕਵਰੇਜ ਸੀਮਤ ਸਮੇਂ ਲਈ ਹੋਵੇ ਤਾਂ ਤੁਹਾਨੂੰ ਦਵਾਈ ਲਿਖ ਕੇ ਦੇਣ ਵਾਲਾ ਤੁਹਾਡੀ ਕਵਰੇਜ ਖਤਮ ਹੋਣ ਤੋਂ ਪਹਿਲਾਂ ਇਕ ਹੋਰ ਬੇਨਤੀ ਭੇਜ ਸਕਦਾ ਹੈ।

### ਕਿਸੇ ਬੇਨਤੀ ਨੂੰ ਪ੍ਰਵਾਨਗੀ ਮਿਲਣ ਲਈ ਕਿੰਨਾ ਚਿਰ ਲਗਦਾ ਹੈ?

ਕਈ ਬੇਨਤੀਆਂ ਨੂੰ ਇਕਦਮ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ। ਕਈਆਂ ਨੂੰ 10 ਦਿਨ ਜਾਂ ਉਸ ਤੋਂ ਵੱਧ ਸਮਾਂ ਲਗ ਸਕਦਾ ਹੈ। ਜਦੋਂ ਹੀ ਬੇਨਤੀ ਪ੍ਰਵਾਨ ਕਰ ਦਿੱਤੀ ਅਤੇ ਸਿਸਟਮ ਵਿੱਚ ਦਾਖਲ ਕਰ ਦਿੱਤੀ ਜਾਂਦੀ ਹੈ, ਕਵਰੇਜ ਉਦੋਂ ਹੀ ਸ਼ੁਰੂ ਹੋ ਜਾਂਦੀ ਹੈ।

ਤੁਸੀਂ ਆਪਣੀ ਸਪੈਸ਼ਲ ਅਥਾਰਟੀ ਅਧੀਨ ਬੇਨਤੀ ਦੀ ਸਥਿਤੀ ਨੂੰ ਇਸ ਵੈੱਬਸਾਈਟ ’ਤੇ ਦੇਖ ਸਕਦੇ ਹੋ: www.gov.bc.ca/healthgateway

ਤੁਸੀਂ ਤੁਹਾਨੂੰ ਦਵਾਈ ਲਿਖ ਕੇ ਦੇਣ ਵਾਲੇ ਜਾਂ ਫਾਰਮਾਸਿਸਟ ਨੂੰ ਬੇਨਤੀ ਦੀ ਸਥਿਤੀ ਨੂੰ ਦੇਖਣ ਬਾਰੇ ਕਹਿ ਸਕਦੇ ਹੋ ਜਾਂ ਸਾਨੂੰ ਫੋਨ ਕਰ ਸਕਦੇ ਹੋ।

### ਜੇ ਤੁਹਾਨੂੰ ਦਵਾਈ ਲਿਖ ਕੇ ਦੇਣ ਵਾਲੇ ਦੀ ਬੇਨਤੀ ਨੂੰ ਪ੍ਰਵਾਨਗੀ ਨਹੀਂ ਮਿਲਦੀ

ਸਾਰੀਆਂ ਬੇਨਤੀਆਂ ਨੂੰ ਪ੍ਰਵਾਨਗੀ ਨਹੀਂ ਮਿਲਦੀ। ਇਹ ਇਸ ਲਈ ਹੋ ਸਕਦਾ ਹੈ ਕਿ ਤੁਸੀਂ ਕਸਵੱਟੀ ’ਤੇ ਪੂਰੇ ਨਹੀਂ ਉਤਰਦੇ ਜਾਂ ਫਾਰਮਾਕੇਅਰ ਨੂੰ ਤੁਹਾਨੂੰ ਦਵਾਈ ਲਿਖ ਕੇ ਦੇਣ ਵਾਲੇ ਤੋਂ ਹੋਰ ਜਾਣਕਾਰੀ ਚਾਹੀਦੀ ਹੈ। ਫੈਸਲੇ ਬਾਰੇ ਦਵਾਈ ਲਿਖ ਕੇ ਦੇਣ ਵਾਲੇ ਨਾਲ ਗੱਲ ਕਰੋ।

**ਸਵਾਲ?**

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰ ਦੇ 8 ਵਜੇ ਤੋਂ ਲੈ ਕੇ ਰਾਤ ਦੇ 8 ਵਜੇ ਤੱਕ ਅਤੇ ਸਨਿੱਚਰਵਾਰ ਨੂੰ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਫੋਨ ਕਰੋ।

- ਲੋਅਰ ਮੇਨਲੈਂਡ ਤੋਂ: 604 683-7151
- ਬਾਕੀ ਬੀ ਸੀ ਤੋਂ, ਮੁਫਤ: 1 800 663-7100